








# ਇਕ ਸਾਲ ਵਿਚ 74000 ਭਾਰਤੀਆਂ ਨੇ ਯੂ.ਕੇ. ਛੱਡਿਆ

**ਸਭ ਤੋਂ ਵੱਧ ਗਿਣਤੀ ਵਿਚ ਭਾਰਤੀ ਵਿਦਿਆਰਥੀ ਤੇ ਕਾਮੇ ਬਰਤਾਨੀਆਂ ਛੱਡ ਕੇ ਜਾ ਰਹੇ ਹਨ-ਰਾਸ਼ਟਰੀ ਅੰਕੜੇ**

ਲੰਡਨ, 27 ਨਵੰਬਰ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਯੂ.ਕੇ. ਦੇ ਰਾਸ਼ਟਰੀ ਅੰਕੜਾ ਦਫਤਰ ਦੇ ਅੰਕੜਿਆਂ ਮੁਤਾਬਿਕ ਯੂ.ਕੇ. ਛੱਡਣ ਵਾਲਿਆਂ ਦੀ ਗਿਣਤੀ ਵਿਚ ਭਾਰਤੀ ਵਿਦਿਆਰਥੀ ਅਤੇ ਕਾਮੇ ਸਭ ਤੋਂ ਉੱਪਰ ਹਨ ਕਿਉਂਕਿ ਦੇਸ਼ ਦੇ ਨਵੇਂ ਸ਼ੁੱਧ ਪ੍ਰਵਾਸ ਅੰਕੜਿਆਂ ਵਿਚ 2,04,000 ਦੀ ਗਿਰਾਵਟ ਆਈ ਹੈ, ਜੋ ਕਿ 2023 ਤੋਂ 80 ਫੀਸਦੀ ਘੱਟ ਹੈ। ਯੂ.ਕੇ. ਦੇ ਰਾਸ਼ਟਰੀ ਅੰਕੜਾ ਦਫਤਰ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਜੂਨ 2025 ਨੂੰ ਖਤਮ ਹੋਏ ਸਾਲ ਵਿਚ ਵਿਦਿਆਰਥੀ ਵੀਜ਼ਾ 'ਤੇ ਲਗਭਗ 45,000 ਭਾਰਤੀਆਂ ਅਤੇ ਕੰਮ ਨਾਲ ਸਬੰਧਤ ਵੀਜ਼ਾ 'ਤੇ 22,000 ਪੇਸ਼ੇਵਰਾਂ ਨੇ ਯੂ.ਕੇ. ਛੱਡ ਦਿੱਤਾ ਸੀ। ਹੋਰ ਵੀਜ਼ਾ ਸ਼੍ਰੇਣੀ ਦੇ ਅਧੀਨ 7,000 ਦੇ ਕਰੀਬ ਭਾਰਤੀ ਨਾਗਰਿਕਾਂ ਨੇ ਵੀ ਦੇਸ਼ ਛੱਡ ਦਿੱਤਾ, ਜਿਸ ਨਾਲ ਕੁੱਲ 74,000 ਭਾਰਤੀ ਪਰਵਾਸੀਆਂ ਨੇ ਬਰਤਾਨੀਆਂ ਨੂੰ ਅਲਵਿਦਾ ਕਿਹਾ ਅਤੇ ਇਸ ਤੋਂ ਬਾਅਦ 42,000 ਚੀਨੀ ਨਾਗਰਿਕ ਯੂ.ਕੇ. ਛੱਡਣ ਵਾਲਿਆਂ ਦੀ ਗਿਣਤੀ ਨਾਲ ਦੂਜੇ ਸਥਾਨ 'ਤੇ ਹਨ। ਓ.ਐਨ.ਐਸ. ਨੇ ਡਾਟਾ ਜਾਰੀ ਕਰਦਿਆਂ ਕਿਹਾ ਹੈ ਕਿ ਯੂ.ਕੇ. ਤੋਂ ਪਰਵਾਸ ਕਰਨ (ਜਾਂ ਛੱਡਣ) ਵਾਲਿਆਂ ਵਿਚ ਗੈਰ ਯੂਰਪੀਅਨ ਯੂਨੀਅਨ ਲੋਕਾਂ 'ਚੋਂ ਭਾਰਤੀ ਸਭ ਤੋਂ ਵੱਧ ਹਨ। ਅੰਕੜਿਆਂ ਅਨੁਸਾਰ ਯੂ.ਕੇ. ਵਿਚ ਇਮੀਗ੍ਰੇਸ਼ਨ ਦੇ ਮਾਮਲੇ ਵਿਚ ਭਾਰਤੀ ਸਿਖਰਲੇ ਸਥਾਨ 'ਤੇ ਬਣੇ ਹੋਏ ਹਨ ਜਿਨ੍ਹਾਂ ਵਿਚੋਂ 90,000 ਵਿਦਿਆਰਥੀ ਵੀਜ਼ਾ ਤੇ 46,000 ਕੰਮਕਾਰ ਦੇ ਵੀਜ਼ਿਆਂ ਨੂੰ ਪ੍ਰਾਪਤ ਕਰਕੇ ਆਏ ਹਨ। ਭਾਰਤੀ, ਪਾਕਿਸਤਾਨੀ, ਚੀਨੀ ਅਤੇ ਨਾਈਜੀਰੀਅਨ ਦੇ ਲੋਕ ਪੰਜ ਸਭ ਤੋਂ ਵੱਧ ਯੂ.ਕੇ. ਵਿਚ ਆਉਣ ਵਾਲੇ ਗੈਰ ਈ.ਯੂ. ਮੁਲਕਾਂ ਦੇ ਲੋਕਾਂ ਵਿਚੋਂ ਹਨ। ਹਾਲ ਹੀ ਦੇ ਸਾਲਾਂ ਵਿਚ ਆਰਥਿਕਤਾ 'ਤੇ ਵਧ ਰਹੇ ਇਮੀਗ੍ਰੇਸ਼ਨ ਅੰਕੜਿਆਂ ਦੇ ਦਬਾਅ ਕਾਰਨ ਸ਼ੁੱਧ ਪ੍ਰਵਾਸ ਨੂੰ ਘਟਾਉਣਾ, ਜਾਂ ਆਉਣ ਅਤੇ ਜਾਣ ਵਾਲੇ ਲੋਕਾਂ ਦੀ ਗਿਣਤੀ ਵਿਚ ਅੰਤਰ, ਬ੍ਰਿਟਿਸ਼ ਸਰਕਾਰ ਦੀਆਂ ਤਰਜੀਹਾਂ ਵਿਚੋਂ ਇੱਕ ਰਿਹਾ ਹੈ। ਓ.ਐਨ.ਐਸ. ਦੀ ਆਬਾਦੀ ਅਤੇ ਜਨਗਣਨਾ ਬਾਰੇ ਕਾਰਜਕਾਰੀ ਨਿਰਦੇਸ਼ਕ ਮੈਰੀ ਗ੍ਰੈਗਰੀ ਨੇ ਕਿਹਾ ਕਿ ਮਹਾਂਮਾਰੀ ਲੌਕਡਾਊਨ ਪਾਬੰਦੀਆਂ ਹਟਾਉਣ ਅਤੇ ਯੂ.ਕੇ. ਦੇ ਯੂਰਪੀ ਸੰਘ ਤੋਂ ਬਾਹਰ ਨਿਕਲਣ ਤੋਂ ਬਾਅਦ ਨਵੀਂ ਇਮੀਗ੍ਰੇਸ਼ਨ ਪ੍ਰਣਾਲੀ ਪੇਸ਼ ਕਰਨ ਤੋਂ ਬਾਅਦ ਨੈੱਟ ਮਾਈਗ੍ਰੇਸ਼ਨ ਸਭ ਤੋਂ ਹੇਠਲੇ ਪੱਧਰ 'ਤੇ ਹੈ। ਯੂ.ਕੇ. ਦੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ, ਜਿਸਨੇ ਇਮੀਗ੍ਰੇਸ਼ਨ ਅੰਕੜਿਆਂ ਨੂੰ ਘਟਾਉਣ ਦੀ ਕੋਸ਼ਿਸ਼ ਵਿਚ ਇਸ ਮਹੀਨੇ ਸੰਸਦ ਵਿਚ ਕਈ ਸਖ਼ਤ ਉਪਾਅ ਪੇਸ਼ ਕੀਤੇ ਹਨ। ਵਰਕ ਰਾਈਟਸ ਸੈਂਟਰ ਚੈਰਿਟੀ ਨੇ ਚੇਤਾਵਨੀ ਦਿੱਤੀ ਕਿ ਹੁਨਰਮੰਦ ਵਰਕਰ ਵੀਜ਼ਿਆਂ ਵਿਚ ਤਿੰਨ ਸਾਲਾਂ ਦੇ ਹੇਠਲੇ ਪੱਧਰ 'ਤੇ ਆਉਣਾ ਬ੍ਰਿਟਿਸ਼ ਉਦਯੋਗਾਂ ਅਤੇ ਸੇਵਾਵਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜਿਸ ਦਾ ਅਸਰ ਆਉਂਦੇ ਸਮੇਂ ਵਿਚ ਆਰਥਿਕ ਵਿਕਾਸ ਦੇ ਅੰਕੜਿਆਂ ਨੂੰ ਪ੍ਰਭਾਵਿਤ ਕਰੇਗਾ।

# ਹਾਂਗਕਾਂਗ 'ਚ ਬਹੁ-ਮੰਜ਼ਿਲਾ ਇਮਾਰਤਾਂ ਨੂੰ ਲੱਗੀ ਅੱਗ ਦੇ ਮ੍ਰਿਤਕਾਂ ਦੀ ਗਿਣਤੀ 83 ਹੋਈ

ਬੀਜਿੰਗ/ਹਾਂਗਕਾਂਗ, 27 ਨਵੰਬਰ (ਪੀ.ਟੀ.ਆਈ.)-ਹਾਂਗਕਾਂਗ 'ਚ ਸੱਤ ਉੱਚੀਆਂ ਰਿਹਾਇਸ਼ੀ ਇਮਾਰਤਾਂ ਨੂੰ ਲੱਗੀ ਭਿਆਨਕ ਅੱਗ 'ਤੇ ਕਾਬੂ ਪਾਉਣ ਲਈ ਅੱਗ ਬੁਝਾਊ ਵਿਭਾਗ ਦੇ ਕਰਮਚਾਰੀ ਦੂਜੇ ਦਿਨ ਵੀ ਜੂਝਦੇ ਰਹੇ, ਜਿਸ ਨਾਲ ਮਰਨ ਵਾਲਿਆਂ ਦੀ ਗਿਣਤੀ 83 ਹੋ ਗਈ ਅਤੇ 280 ਤੋਂ ਵੱਧ ਲਾਪਤਾ ਹਨ। ਅਧਿਕਾਰੀਆਂ ਨੇ ਇਸ ਨੂੰ 70 ਸਾਲਾਂ 'ਚ ਸ਼ਹਿਰ ਦੀ ਸਭ ਤੋਂ ਭਿਆਨਕ ਆਫ਼ਤ ਦੱਸਿਆ ਹੈ। ਲਗਭਗ 76 ਲੋਕ ਜ਼ਖ਼ਮੀ ਹੋਏ ਹਨ, 15 ਦੀ ਹਾਲਤ ਨਾਜ਼ੁਕ ਅਤੇ 28 ਦੀ ਹਾਲਤ ਗੰਭੀਰ ਹੈ। ਮ੍ਰਿਤਕਾਂ 'ਚ ਅੱਗ ਬੁਝਾਊ ਵਿਭਾਗ ਦਾ ਇਕ ਕਰਮਚਾਰੀ ਵੀ ਸ਼ਾਮਿਲ ਹੈ। ਸੱਤ ਬਲਾਕਾਂ 'ਚੋਂ ਚਾਰ ਨੂੰ ਆਪਣੀ ਲਪੇਟ 'ਚ ਲੈਣ ਵਾਲੀ ਭਿਆਨਕ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ, ਜਦੋਂ ਕਿ ਵੀਰਵਾਰ ਸ਼ਾਮ ਨੂੰ ਬਾਕੀ 31 ਮੰਜ਼ਿਲਾ ਇਮਾਰਤਾਂ ਦੀਆਂ ਉਪਰਲੀਆਂ ਮੰਜ਼ਿਲਾਂ 'ਤੇ ਅੱਗ ਲੱਗੀ ਰਹੀ। ਲੱਗੀ ਅੱਗ ਦੇ ਸਹੀ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।



ਨਵੀਂ ਦਿੱਲੀ ਵਿਚ ਇੱਕ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਰਤੀ ਨੇਤਰਹੀਣ ਮਹਿਲਾ ਕ੍ਰਿਕਟ ਟੀਮ ਦੇ ਮੈਂਬਰਾਂ ਨਾਲ, ਜਿਨ੍ਹਾਂ ਹਾਲ ਹੀ ਵਿਚ ਪਹਿਲਾ ਟੀ-20 ਵਿਸ਼ਵ ਕੱਪ ਜਿੱਤਿਆ।



ਭਾਰਤ ਅਤੇ ਦੱਖਣੀ ਅਫਰੀਕਾ ਵਿਚਕਾਰ 30 ਨਵੰਬਰ ਨੂੰ ਇੱਕ ਰੋਜ਼ਾ ਕ੍ਰਿਕਟ ਲੜੀ ਤੋਂ ਪਹਿਲਾਂ ਰਾਂਚੀ ਦੇ ਜੇ.ਐਸ.ਸੀ.ਏ. ਇੰਟਰਨੈਸ਼ਨਲ ਸਟੇਡੀਅਮ ਕੰਪਲੈਕਸ ਵਿਖੇ ਅਭਿਆਸ ਸੈਸ਼ਨ ਦੌਰਾਨ ਭਾਰਤ ਦਾ ਵਿਰਾਟ ਕੋਹਲੀ।




# ਬਰਤਾਨਵੀ ਵਿਦੇਸ਼ ਮੰਤਰੀ ਤੇ ਜੱਗੀ ਜੌਹਲ ਦੇ ਪਰਿਵਾਰ ਵਿਚਕਾਰ ਹੋਵੇਗੀ ਮੁਲਾਕਾਤ

ਲੰਡਨ, 27 ਨਵੰਬਰ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਪ੍ਰਾਪਤ ਜਾਣਕਾਰੀ ਅਨੁਸਾਰ ਅਗਲੇ ਦਿਨਾਂ ਵਿਚ ਬਰਤਾਨੀਆਂ ਦੀ ਵਿਦੇਸ਼ ਮੰਤਰੀ ਯਵੇਟ ਕੂਪਰ ਅਤੇ ਭਾਰਤ ਵਿਚ ਬੰਦ ਜਗਤਾਰ ਸਿੰਘ ਜੱਗੀ ਜੌਹਲ ਦੇ ਪਰਿਵਾਰਕ ਮੈਂਬਰਾਂ ਤੇ ਉਨ੍ਹਾਂ ਦੇ ਸੰਸਦ ਮੈਂਬਰ, ਡਗਲਸ ਮੈਕਐਲਿਸਟਰ ਨਾਲ ਇੱਕ ਮੀਟਿੰਗ ਹੋਣ ਜਾ ਰਹੀ ਹੈ। ਜਿਸ ਵਿਚ ਪਰਿਵਾਰ ਵਲੋਂ ਜੱਗੀ ਜੌਹਲ ਦੀ ਰਿਹਾਈ ਅਤੇ ਯੂ.ਕੇ. ਵਾਪਸੀ ਦੀ ਮੰਗ ਦੇ ਨਾਲ-ਨਾਲ ਸਰਕਾਰ ਵਲੋਂ ਹੁਣ ਤੱਕ ਕੀਤੇ ਯਤਨਾਂ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੀਟਿੰਗ ਤੋਂ ਪਹਿਲਾਂ ਸਿੱਖ ਫੈਡਰੇਸ਼ਨ (ਯੂ.ਕੇ.) ਵਲੋਂ ਸੰਸਦ ਮੈਂਬਰਾਂ ਨੂੰ ਵਿਦੇਸ਼ ਮੰਤਰੀ ਯਵੇਟ ਕੂਪਰ 'ਤੇ ਦਬਾਅ ਪਾਉਣ ਲਈ ਮੁਹਿੰਮ ਸ਼ੁਰੂ ਕੀਤੀ ਹੈ। ਜਿਸ ਤਹਿਤ 100 ਤੋਂ ਵੱਧ ਸੰਸਦ ਮੈਂਬਰਾਂ ਨੂੰ ਸੈਂਕੜੇ ਪੱਤਰ ਸਿੱਖ ਭਾਈਚਾਰੇ ਵਲੋਂ ਭੇਜੇ ਗਏ ਹਨ ਤਾਂ ਜੋ ਬ੍ਰਿਟਿਸ਼ ਨਾਗਰਿਕ, ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਨੂੰ ਸੁਰੱਖਿਅਤ ਕਰਨ ਲਈ ਬਰਤਾਨਵੀ ਸਰਕਾਰ ਦੀਆਂ ਕਾਰਵਾਈਆਂ ਬਾਰੇ ਪਤਾ ਲੱਗ ਸਕੇ। ਅਗਲੇ ਹਫ਼ਤੇ ਦੇ ਸ਼ੁਰੂ ਵਿਚ ਵਿਦੇਸ਼ ਮੰਤਰੀ ਦੀ ਜਗਤਾਰ ਸਿੰਘ ਜੌਹਲ ਦੇ ਪਰਿਵਾਰ ਅਤੇ ਉਨ੍ਹਾਂ ਦੇ ਸੰਸਦ ਮੈਂਬਰ, ਡਗਲਸ ਮੈਕਐਲਿਸਟਰ ਨਾਲ ਹੋਣ ਵਾਲੀ ਮੀਟਿੰਗ ਵਿਚ ਕਾਫ਼ੀ ਕੁਝ ਸ਼ਪਸ਼ਟ ਹੋਣ ਦੀ ਸੰਭਾਵਨਾ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਭਾਈ ਅਮਰੀਕ ਸਿੰਘ ਗਿੱਲ ਅਤੇ ਦਬਿੰਦਰਜੀਤ ਸਿੰਘ ਓ.ਬੀ.ਈ. ਏ ਨੇ ਕਿਹਾ ਕਿ ਇਸ ਮੌਕੇ ਵਿਦੇਸ਼ ਮੰਤਰੀ ਯਵੇਟ ਕੂਪਰ ਨੂੰ ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਨੂੰ ਯਕੀਨੀ ਬਣਾਉਣ ਲਈ ਯੂ.ਕੇ. ਸਰਕਾਰ ਦੇ ਯਤਨਾਂ 'ਤੇ ਪਰਿਵਾਰ ਨੂੰ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ।



ਜਗਤਾਰ ਸਿੰਘ ਜੱਗੀ ਜੌਹਲ

# ਡਬਲਿਊ.ਪੀ.ਐਲ.: ਦੀਪਤੀ ਨੂੰ ਯੂ.ਪੀ. ਨੇ 3.20 ਕਰੋੜ 'ਚ ਖਰੀਦਿਆ

ਨਵੀਂ ਦਿੱਲੀ, 27 ਨਵੰਬਰ (ਪੀ.ਟੀ.ਆਈ.)-ਮਹਿਲਾ ਪ੍ਰੀਮੀਅਰ ਲੀਗ ਲਈ ਪਹਿਲੀ ਮੈਗਾ ਨਿਲਾਮੀ ਵੀਰਵਾਰ ਨੂੰ ਨਵੀਂ ਦਿੱਲੀ ਵਿਚ ਹੋਈ। ਨਿਲਾਮੀ ਪੂਲ ਵਿਚ 128 ਖਿਡਾਰੀ ਸ਼ਾਮਿਲ ਕੀਤੇ ਗਏ। ਪੰਜ ਫ੍ਰੈਂਚਾਇਜ਼ੀਜ਼ ਨੇ 67 ਖਿਡਾਰੀਆਂ ਨੂੰ ਪ੍ਰਾਪਤ ਕਰਨ ਲਈ 40.80 ਕਰੋੜ ਖਰਚ ਕੀਤੇ। ਇਨ੍ਹਾਂ ਵਿਚ 44 ਭਾਰਤੀ ਤੇ 23 ਵਿਦੇਸ਼ੀ ਖਿਡਾਰੀ ਸ਼ਾਮਿਲ ਸਨ। ਸਟਾਰ ਇੰਡੀਆ ਦੀ ਆਲਰਾਊਂਡਰ ਦੀਪਤੀ ਸ਼ਰਮਾ 2026 ਡਬਲਿਊ.ਪੀ.ਐਲ. ਮੈਗਾ ਨਿਲਾਮੀ ਵਿਚ ਸਭ ਤੋਂ ਮਹਿੰਗੀ ਖਿਡਾਰਨ ਬਣ ਕੇ ਉਭਰੀ, ਜਦੋਂ ਕਿ ਹੋਰ ਓ.ਡੀ.ਆਈ. ਵਿਸ਼ਵ ਕੱਪ ਸਟਾਰ ਸ਼੍ਰੀ ਚਰਨੀ ਅਤੇ ਲੌਰਾ ਵੋਲਵਾਰਡਟ ਨੂੰ ਵੀ ਵੀਰਵਾਰ ਨੂੰ ਇੱਥੇ ਭਾਰੀ ਰਕਮ ਮਿਲੀ। ਭਾਰਤੀ ਆਲਰਾਊਂਡਰ ਦੀਪਤੀ ਸ਼ਰਮਾ ਮੈਗਾ ਨਿਲਾਮੀ ਵਿਚ ਸਭ ਤੋਂ ਮਹਿੰਗੀ ਖਿਡਾਰਨ ਸੀ। ਉਸਨੂੰ ਯੂਪੀ ਵਾਰੀਅਰਜ਼ ਨੇ 3.20 ਕਰੋੜ ਵਿਚ ਖਰੀਦਿਆ। ਕੁੱਲ 11 ਖਿਡਾਰੀਆਂ ਨੂੰ 1 ਕਰੋੜ ਤੋਂ ਵੱਧ ਦੀ ਬੋਲੀ ਮਿਲੀ। ਮੁੰਬਈ ਇੰਡੀਅਨਜ਼ ਨੇ ਨਿਊਜ਼ੀਲੈਂਡ ਦੀ ਅਮੇਲੀਆ ਕੇਰ ਨੂੰ 3 ਕਰੋੜ ਵਿਚ ਖਰੀਦਿਆ। ਯੂ.ਪੀ. ਨੇ ਸ਼ਿਖਾ ਪਾਂਡੇ ਨੂੰ ਵੀ 2.40 ਕਰੋੜ ਵਿਚ ਸ਼ਾਮਲ ਕੀਤਾ। ਨਿਊਜ਼ੀਲੈਂਡ ਦੀ ਸੋਫੀ ਡੇਵਾਈਨ ਨੂੰ ਗੁਜਰਾਤ ਨੇ 2 ਕਰੋੜ ਵਿਚ ਖਰੀਦਿਆ।



ਦੀਪਤੀ ਸ਼ਰਮਾ



ਸ਼ਿਖਾ ਪਾਂਡੇ

# ਦਿੱਲੀ ਹਾਈ ਕੋਰਟ ਵਲੋਂ ਅਜੇ ਦੇਵਗਨ ਦੇ ਸ਼ਖ਼ਸੀਅਤ ਅਧਿਕਾਰਾਂ ਦੀ ਰੱਖਿਆ

ਨਵੀਂ ਦਿੱਲੀ, 27 ਨਵੰਬਰ (ਪੀ.ਟੀ.ਆਈ.)-ਦਿੱਲੀ ਹਾਈ ਕੋਰਟ ਨੇ ਵੀਰਵਾਰ ਨੂੰ ਬਾਲੀਵੁੱਡ ਅਦਾਕਾਰ ਅਜੇ ਦੇਵਗਨ ਦੇ ਸ਼ਖਸੀਅਤ ਅਧਿਕਾਰਾਂ ਦੀ ਰੱਖਿਆ ਲਈ ਇੱਕ ਅੰਤਰਿਮ ਆਦੇਸ਼ ਪਾਸ ਕੀਤਾ। ਜਸਟਿਸ ਮਨਮੀਤ ਪ੍ਰੀਤਮ ਸਿੰਘ ਅਰੋੜਾ ਨੇ ਬਚਾਅ ਪੱਖ ਨੂੰ ਅਦਾਕਾਰ ਦੀ ਸਹਿਮਤੀ ਤੋਂ ਬਿਨਾਂ ਉਸਦੇ ਸ਼ਖਸੀਅਤ ਗੁਣਾਂ, ਜਿਸ ਵਿਚ ਉਸਦੀਆਂ ਫੋਟੋਆਂ ਅਤੇ ਹੋਰ ਨਿੱਜੀ ਸਮਾਨ ਸ਼ਾਮਲ ਹਨ, ਦੀ ਵਰਤੋਂ ਕਰਨ ਤੋਂ ਰੋਕ ਦਿੱਤਾ। ਬਚਾਅ ਪੱਖ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡੀਪਫੇਕ ਤਕਨਾਲੋਜੀ ਦੀ ਵਰਤੋਂ ਕਰਕੇ, ਨਾਲ ਹੀ ਅਸ਼ਲੀਲ ਸਮੱਗਰੀ ਬਣਾ ਕੇ ਅਦਾਕਾਰ ਦੇ ਸ਼ਖਸੀਅਤ ਗੁਣਾਂ ਦੀ ਦੁਰਵਰਤੋਂ ਕਰਨ ਤੋਂ ਵੀ ਰੋਕਿਆ ਗਿਆ ਸੀ। ਅਦਾਕਾਰ ਵਲੋਂ ਵਕੀਲ ਪ੍ਰਵੀਨ ਆਨੰਦ ਪੇਸ਼ ਹੋਏ ਅਤੇ ਅਦਾਲਤ ਨੂੰ ਬਚਾਅ ਪੱਖ ਦੀ ਪ੍ਰਕਿਰਤੀ ਅਤੇ ਇਤਰਾਜ਼ਯੋਗ ਸਮੱਗਰੀ ਬਾਰੇ ਦੱਸਿਆ ਸੀ।



# ਵਾਈਟ ਹਾਊਸ ਗੋਲੀਬਾਰੀ-ਦੋ ਰਾਸ਼ਟਰੀ ਗਾਰਡ ਜ਼ਖ਼ਮੀ

**ਅਮਰੀਕਾ ਵਲੋਂ ਅਫ਼ਗਾਨਾਂ ਦੀਆਂ ਇਮੀਗ੍ਰੇਸ਼ਨ ਅਰਜ਼ੀਆਂ ਰੱਦ**

ਵਾਸ਼ਿੰਗਟਨ, 27 ਨਵੰਬਰ (ਏਪੀ)-ਵਾਸ਼ਿੰਗਟਨ ਡੀ.ਸੀ. ਨੂੰ ਹਿਲਾ ਕੇ ਰੱਖ ਦੇਣ ਵਾਲੇ ਇੱਕ ਬੇਰਹਿਮ ਹਮਲੇ ਵਿਚ, ਬੁੱਧਵਾਰ ਨੂੰ ਵ੍ਹਾਈਟ ਹਾਊਸ ਤੋਂ ਕੁਝ ਬਲਾਕਾਂ ਦੀ ਦੂਰੀ 'ਤੇ ਇੱਕ ਅਫਗਾਨ ਨਾਗਰਿਕ ਨੇ ਦੋ ਨੈਸ਼ਨਲ ਗਾਰਡ ਕਰਮਚਾਰੀਆਂ ਨੂੰ ਗੋਲੀ ਮਾਰ ਦਿੱਤੀ ਅਤੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ, ਜਿਸਨੇ ਅਫਗਾਨਿਸਤਾਨ ਵਿਚ ਅਮਰੀਕੀ ਫੌਜ ਅਤੇ ਸੀ.ਆਈ.ਏ. ਵਿਚ ਸੇਵਾ ਨਿਭਾਈ ਸੀ। ਸ਼ੱਕੀ, ਜਿਸਦੀ ਪਛਾਣ 29 ਸਾਲਾ ਰਹਿਮਾਨਉੱਲਾ ਲਕਨਵਾਲ ਵਜੋਂ ਹੋਈ ਹੈ, ਜਵਾਬੀ ਅਧਿਕਾਰੀਆਂ ਨਾਲ ਗੋਲੀਬਾਰੀ ਵਿਚ ਜ਼ਖ਼ਮੀ ਹੋ ਗਿਆ ਸੀ ਅਤੇ ਉਹ ਹਿਰਾਸਤ ਵਿਚ ਹੈ। ਘਟਨਾ ਤੋਂ ਕੁਝ ਘੰਟਿਆਂ ਬਾਅਦ, ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਉਸਨੇ ਸੁਰੱਖਿਆ ਅਤੇ ਜਾਂਚ ਪ੍ਰੋਟੋਕੋਲ ਦੀ ਹੋਰ ਸਮੀਖਿਆ ਲਈ ਅਫਗਾਨਿਸਤਾਨ ਤੋਂ ਇਮੀਗ੍ਰੇਸ਼ਨ ਅਰਜ਼ੀਆਂ ਦੀ ਪ੍ਰਕਿਰਿਆ ਬੰਦ ਕਰ ਦਿੱਤੀ ਹੈ। ਸਾਨੂੰ ਕਿਸੇ ਵੀ ਦੇਸ਼ ਤੋਂ ਕਿਸੇ ਵੀ ਪਰਦੇਸੀ ਨੂੰ ਹਟਾਉਣ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਉਪਾਅ ਕਰਨੇ ਚਾਹੀਦੇ ਹਨ, ਜੋ ਇੱਥੇ ਨਹੀਂ ਹੈ ਜਾਂ ਸਾਡੇ ਦੇਸ਼ ਨੂੰ ਲਾਭ ਨਹੀਂ ਪਹੁੰਚਾਉਂਦਾ। ਜੇਕਰ ਉਹ ਸਾਡੇ ਦੇਸ਼ ਨੂੰ ਪਿਆਰ ਨਹੀਂ ਕਰ ਸਕਦੇ, ਤਾਂ ਅਸੀਂ ਉਨ੍ਹਾਂ ਨੂੰ ਨਹੀਂ ਚਾਹੁੰਦੇ, ਰਾਸ਼ਟਰਪਤੀ ਟਰੰਪ ਨੇ ਹਮਲੇ ਤੋਂ ਬਾਅਦ ਟਿੱਪਣੀਆਂ ਵਿਚ ਕਿਹਾ। ਗੋਲੀਬਾਰੀ ਦੁਪਹਿਰ 2 ਵਜੇ ਦੇ ਕਰੀਬ ਪੈਨਸਿਲਵੇਨੀਆ ਐਵੇਨਿਊ ਐਨਡਬਲਯੂ 'ਤੇ ਫਰਾਗੁਟ ਵੈਸਟ ਮੈਟਰੋ ਸਟੇਸ਼ਨ ਦੇ ਨੇੜੇ ਹੋਈ। ਪੀੜਤਾਂ, ਜਿਨ੍ਹਾਂ ਦੀ ਪਛਾਣ ਸਟਾਫ ਸਾਰਜੈਂਟ ਏਲੀਜਾਹ ਰਮੀਰੇਜ਼, 32, ਅਤੇ ਸਾਰਜੈਂਟ ਮਾਰਕਸ ਹੇਲ, 28 ਵਜੋਂ ਹੋਈ ਹੈ

## ਧਰਮਿੰਦਰ ਦੀ ਮੌਤ ਤੋਂ ਬਾਅਦ ਹੇਮਾ ਮਾਲਿਨੀ ਦਾ ਪਹਿਲਾ ਪੋਸਟ

# ਅਸਹਿ ਘਾਟਾ, ਖਲਾਅ ਜ਼ਿੰਦਗੀ ਭਰ ਰਹੇਗਾ

ਮੁੰਬਈ, 27 ਨਵੰਬਰ (ਪੀ.ਟੀ.ਆਈ.)-ਬਜ਼ੁਰਗ ਅਦਾਕਾਰ-ਰਾਜਨੇਤਾ ਹੇਮਾ ਮਾਲਿਨੀ ਨੇ ਵੀਰਵਾਰ ਨੂੰ ਸਵਰਗੀ ਪਤੀ ਧਰਮਿੰਦਰ ਨੂੰ ਭਾਵੁਕ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਲਈ ਸਭ ਕੁਝ ਸਨ - ਇੱਕ ਸਾਥੀ, ਮਾਰਗਦਰਸ਼ਕ ਅਤੇ ਦੋਸਤ ਜਿਨ੍ਹਾਂ ਦੇ ਜਾਣ ਨਾਲ ਇੱਕ ਨਾ ਪੂਰਾ ਹੋਣ ਵਾਲਾ ਖਲਾਅ ਛੱਡ ਗਿਆ ਹੈ। ਸੋਮਵਾਰ ਨੂੰ 89 ਸਾਲ ਦੀ ਉਮਰ ਵਿਚ ਧਰਮਿੰਦਰ ਦੀ ਮੌਤ ਤੋਂ ਬਾਅਦ ਆਪਣੀ ਪਹਿਲੀ ਪੋਸਟ ਵਿਚ, ਮਾਲਿਨੀ ਨੇ ਕਿਹਾ ਕਿ ਇਹ ਘਾਟਾ ਅਕਹਿ ਹੈ ਅਤੇ ਪਿੱਛੇ ਛੱਡਿਆ ਗਿਆ ਖਲਾਅ ਉਨ੍ਹਾਂ ਦੀ ਬਾਕੀ ਦੀ ਜ਼ਿੰਦਗੀ ਲਈ ਰਹੇਗਾ। 77 ਸਾਲਾ ਹੇਮਾ ਮਾਲਿਨੀ ਨੇ ਲਿਖਿਆ ਕਿ ਸਾਲਾਂ ਦੇ ਇਕੱਠੇ ਰਹਿਣ ਤੋਂ ਬਾਅਦ, ਮੇਰੇ ਕੋਲ ਬਹੁਤ ਸਾਰੇ ਖਾਸ ਪਲਾਂ ਨੂੰ ਮੁੜ ਸੁਰਜੀਤ ਕਰਨ ਲਈ ਅਣਗਿਣਤ ਯਾਦਾਂ ਬਚੀਆਂ ਹਨ। ਉਨ੍ਹਾਂ ਦਹਾਕਿਆਂ ਤੋਂ ਇਕੱਠੇ ਉਨ੍ਹਾਂ ਦੇ ਜੀਵਨ ਦੇ ਪਲਾਂ ਨੂੰ ਕੈਦ ਕਰਨ ਵਾਲੀਆਂ ਕਈ ਪੁਰਾਣੀਆਂ ਫੋਟੋਆਂ ਵੀ ਸਾਂਝੀਆਂ ਕੀਤੀਆਂ। ਉਸਨੇ ਧਰਮਿੰਦਰ ਨੂੰ ਇੱਕ ਪਿਆਰ ਕਰਨ ਵਾਲੇ ਪਤੀ ਅਤੇ ਆਪਣੀਆਂ ਧੀਆਂ, ਈਸ਼ਾ ਅਤੇ ਅਹਾਨਾ ਦੇ ਪਿਆਰੇ ਪਿਤਾ ਵਜੋਂ ਯਾਦ ਕੀਤਾ।

